ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 3 | Issue 4 | Oct.-Dec. 2025
ISSN: 2583-9446 (O)
Paper Published Id: ARMN030411
Available online at: www.armaan.org.in
DOI: https://doi.org/10.64119/armaan.vol.3.issue4.11

# ਪੰਜਾਬੀ ਲੋਕ ਬਿਰਤਾਂਤ ਵਿਚ ਨਾਇਕ: ਯੁਗ-ਚੇਤਨਾ ਦੇ ਸੰਦਰਭ ਵਿਚ

# Punjabi Lok Birtant Vich Nayak: Yug Chetna De Sandrbh Vich

ਡਾ. ਸੰਦੀਪ ਕੌਰ (Dr. Sandeep Kaur)
ਪੰਜਾਬੀ ਲੈਕਚਰਾਰ (Punjabi Lecturer)
ਸਿੱਖਿਆ ਵਿਭਾਗ, ਹਰਿਆਣਾ
Email ID: sandeeplasoi@gmail.com ਮੋਬਾਈਲ: +91-9815343743

**ਸਾਰ (Abstract)**

*ਪੰਜਾਬੀ ਲੋਕ ਬਿਰਤਾਂਤ ਲੋਕ ਮਨ ਦੀ ਸਮੂਹਿਕ ਸੋਚਣੀ ਦਾ ਪ੍ਰਤੀਬਿੰਬ ਹੈ ਲੋਕ ਬਿਰਤਾਂਤ ਵਿਚ ਮਿਥ ਕਥਾ, ਦੰਤ ਕਥਾ, ਲੋਕ ਕਹਾਣੀ ਅਤੇ ਸਭ ਲਘੂ ਕਥਾ ਰੂਪ ਆ ਜਾਂਦੇ ਹਨ ਜੋ ਬਿਰਤਾਂਤਕ ਸੰਰਚਨਾ ਦੇ ਧਾਰਨੀ ਹਨ। ਹਰ ਕਾਲ ਦਾ ਬਿਰਤਾਂਤ ਆਪਣੇ ਸਮਕਾਲੀ ਸਮਾਜ ਦੀ ਯੁਗ ਚੇਤਨਾ ਦਾ ਪ੍ਰਤੀਬਿੰਬ ਹੁੰਦਾ ਹੈ। ਮਨੁੱਖੀ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਬਦਲਦੀਆਂ ਹੋਈਆਂ ਪ੍ਰਸਥਿਤੀਆਂ ਨਾਲ ਬਿਰਤਾਂਤ ਦੇ ਰੂਪ ਅਤੇ ਸੁਭਾਅ ਨੂੰ ਪ੍ਰਭਾਵਿਤ ਕਰਦੀਆਂ ਹਨ। ਜਿਸ ਨਾਲ ਹਰ ਕਾਲ ਦੇ ਬਿਰਤਾਂਤ ਵਿਚ ਨਾਇਕ ਦਾ ਮੁਹਾਂਦਰਾ ਵੀ ਬਦਲਦਾ ਰਹਿੰਦਾ ਹੈ। ਲੋਕ ਬਿਰਤਾਂਤਕ ਰੂਪਾਂ ਦਾ ਇਹ ਅਧਿਐਨ ਇਸ ਵਿਚ ਅਭਿਵਿਅਕਤ ਲੋਕ ਮਨ ਦੀ ਸਮੂਹਿਕ ਚੇਤਨਾ ਦੇ ਸੰਦਰਭ ਵਿਚ ਪੰਜਾਬੀ ਲੋਕ ਮਨ ਦੇ ਨਾਇਕ ਦੇ ਸਰੂਪ ਨੂੰ ਸਮਝਣ ਵੱਲ ਰੁਚਿਤ ਹੈ।*

**ਕੀਵਰਡ (Keyword):** *ਲੋਕ ਬਿਰਤਾਂਤ, ਮਿਥ ਕਥਾ, ਦੰਤ ਕਥਾ, ਲੋਕ ਕਹਾਣੀ, ਨਾਇਕ, ਯੁਗ ਚੇਤਨਾ।*

ਮਨੁੱਖੀ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਦੌਰਾਨ ਮਨੁੱਖ ਦਾ ਪ੍ਰਕਿਰਤੀ ਨਾਲ ਦਵੰਦਾਤਮਕ ਰਿਸ਼ਤਾ ਰਿਹਾ ਹੈ। ਇਸ ਦਵੰਦਾਤਮਕ ਰਿਸ਼ਤੇ ਵਿਚਲੇ ਸੰਘਰਸ਼ ਦੇ ਅਨੁਭਵ, ਸੁਪਨੇ, ਪ੍ਰਾਪਤੀਆਂ, ਅਪ੍ਰਾਪਤੀਆਂ ਹੀ ਲੋਕ ਬਿਰਤਾਂਤ ਦਾ ਵਸਤੂ ਬਣਦੇ ਰਹੇ ਹਨ। ਲੋਕ ਬਿਰਤਾਂਤ ਮਾਨਵੀ ਚੇਤਨਾ ਦੀ ਸਿਰਜਣਾਤਮਕ ਅਭਿਵਿਅਕਤੀ ਦਾ ਮਹੱਤਵਪੂਰਨ ਅੰਗ ਹਨ। ਲੋਕ ਬਿਰਤਾਂਤਕ ਰੂਪਾਂ ਦਾ ਇਹ ਅਧਿਐਨ ਇਸ ਵਿਚ ਅਭਿਵਿਅਕਤ ਲੋਕ-ਮਨ ਦੀ ਸਮੂਹਿਕ ਚੇਤਨਾ ਦੇ ਸੰਦਰਭ ਵਿਚ ਪੰਜਾਬੀ ਲੋਕ ਮਨ ਦੇ ਨਾਇਕ ਦੇ ਸਰੂਪ ਨੂੰ ਸਮਝਣ ਵੱਲ ਰੁਚਿਤ ਹੈ।

ਲੋਕ ਬਿਰਤਾਂਤ ਦੇ ਅੰਤਰਗਤ ਮਿਥ ਕਥਾ (Myth), ਦੰਤ ਕਥਾ (Legend) ਅਤੇ ਸਧਾਰਨ ਲੋਕ ਕਹਾਣੀਆਂ (Folktales) ਅਤੇ ਹੋਰ ਸਭ ਕਥਾ ਰੂਪ ਆ ਜਾਂਦੇ ਹਨ ਜੋ ਨਿਰੋਲ ਰੂਪ ਵਿਚ ਬਿਰਤਾਂਤਕ ਸੰਰਚਨਾ ਦੇ ਧਾਰਨੀ ਹਨ। ਡਾ. ਵਣਜਾਰਾ ਬੇਦੀ ਨੇ ਰੂਪ ਅਤੇ ਜੁਗਤਾਂ ਨੂੰ ਆਧਾਰ ਬਣਾ ਕੇ ਬਿਰਤਾਂਤਕ ਰੂਪਾਂ ਦੀ ਵਰਗਵੰਡ ਕੀਤੀ ਹੈ:-

> *"ਬਾਤਾਂ ਨੂੰ ਸੁਭਾਵ ਦੇ ਪੱਖੋਂ ਤਿੰਨ ਪ੍ਰਮੁਖ ਵਰਗਾਂ ਵਿਚ ਵੰਡਿਆ ਜਾਂਦਾ ਹੈ – ਮਿਥ, ਦੰਤ- ਕਥਾ ਤੇ ਕਹਾਣੀ।..... ਬੁਨਿਆਦੀ ਅੰਤਰ ਇਨ੍ਹਾਂ ਤਿੰਨਾਂ ਦੀ ਪ੍ਰਵਿਰਤੀ ਵਿਚ ਹੈ। ਮਿਥ ਵਿਸ਼ਵਾਸ ਉੱਪਰ ਆਧਾਰਤ ਦੇਵੀ ਦੇਵਤਿਆਂ ਜਾਂ ਪੌਰਾਣਿਕ ਪਾਤਰਾਂ ਨਾਲ ਸੰਬੰਧਿਤ ਪੂਰਵ ਇਤਿਹਾਸਕ ਕਾਲ ਵਿਚ ਵਾਪਰੀ ਕੋਈ ਘਟਨਾ ਜਾਂ ਬਿਰਤਾਂਤ ਹੈ। ਦੰਤ-ਕਥਾ ਇਤਿਹਾਸਕ ਤੱਥ ਉੱਪਰ ਆਧਾਰਤ ਕਿਸੇ ਇਤਿਹਾਸਕ ਵਿਅਕਤੀ, ਘਟਨਾ ਜਾਂ ਸਥਿਤੀ ਨਾਲ ਸੰਬੰਧਿਤ ਪਰੰਪਰਾਗਤ ਬਿਰਤਾਂਤ ਹੈ ਜਿਸ ਵਿਚ ਤਥ ਅਤੇ ਮਿਥ ਦਾ ਸੁਮੇਲ ਹੁੰਦਾ ਹੈ ਅਥਵਾ ਇਸਦਾ ਬ੍ਰਿਤਾਂਤ ਇਤਿਹਾਸ ਦਾ ਵਿਕ੍ਰਿਤ ਰੂਪ ਹੈ। ਤੀਜੇ ਵਰਗ ਦੀ ਕਹਾਣੀ ਨਿਰੋਲ ਕਲਪਨਾ ਉਤੇ ਆਧਾਰਤ ਪਰੰਪਰਾਗਤ ਬ੍ਰਿਤਾਂਤ ਹੈ। ਇਸਦੇ ਪਾਤਰ ਤੇ ਘਟਨਾ ਸਭ ਕਲਪਿਤ ਹੁੰਦੇ ਹਨ।"[1]*

ਬਿਰਤਾਂਤ ਹਰ ਸਮੇਂ ਮਨੁੱਖ ਦੇ ਵਸਤੂ-ਜਗਤ ਅਤੇ ਸੁਪਨ-ਸੰਸਾਰ ਵਿਚਲੇ ਪਾੜੇ ਅਤੇ ਉਸ ਤੋਂ ਉਪਜੇ ਤਣਾਉ ਦੀ ਤਰਜਮਾਨੀ ਕਰਦਾ ਰਿਹਾ ਹੈ। ਲੋਕ ਬਿਰਤਾਂਤ ਦਾ ਨਾਇਕ ਮਨੁੱਖ ਦੇ ਵਸਤੂ-ਜਗਤ ਵਿਚ ਗੁਣਾਤਮਕ ਪਰਿਵਰਤਨ ਲਿਆਉਣ ਦੀ ਸਮਰੱਥਾ ਰੱਖਦਾ ਹੈ। ਇਸ ਕਾਰਜ ਦੀ ਸਿੱਧੀ ਲਈ ਦੈਵੀ ਸ਼ਕਤੀਆਂ ਉਸਦੀ ਪ੍ਰੇਰਨਾ ਅਤੇ ਸ਼ਕਤੀ ਦਾ ਸਰੋਤ ਬਣਦੀਆਂ ਹਨ। ਰੂਸੀ ਪਰੀ ਕਹਾਣੀਆਂ ਦੇ ਸੰਦਰਭ ਵਿਚ ਵਲਾ ਦੀ ਮੀਰ ਪਰਾਪ ਦੋ ਤਰ੍ਹਾਂ ਦੇ ਨਾਇਕਾਂ - *ਖ਼ੋਜੀ ਨਾਇਕ ਅਤੇ ਪੀੜ੍ਹਿਤ ਨਾਇਕ (Seeker Hero and Victim Hero)* [2] ਦੀ ਗੱਲ ਕਰਦਾ ਹੈ। ਖੋਜੀ ਨਾਇਕ ਆਪਣੇ ਆਦਰਸ਼ ਦੀ ਭਾਲ ਵਿਚ ਜਾਂਦਾ ਹੈ ਜਦ ਕਿ ਪੀੜ੍ਹਿਤ ਨਾਇਕ ਪਰਿਸਥਿਤੀਆਂ ਦਾ ਸਤਾਇਆ ਹੋਇਆ, ਹਾਲਾਤਾਂ ਨਾਲ ਸੰਘਰਸ਼ ਵਿੱਚੋਂ ਆਪਣਾ ਸਰੂਪ ਉਭਾਰਦਾ ਹੈ।

ਮਨੁੱਖੀ ਸਭਿਅਤਾ ਦੇ ਇਤਿਹਾਸਕ ਵਿਕਾਸ ਦੀ ਪ੍ਰਕਿਰਿਆ ਦੌਰਾਨ, ਜਿਵੇਂ-ਜਿਵੇਂ ਲੋਕ ਮਨ ਦੀ ਸਮੂਹਿਕ ਸੋਚਣੀ/ਚੇਤਨਾ ਦਾ ਪ੍ਰਤੀਬਿੰਬ ਬਦਲਦਾ ਹੈ, ਤਿਵੇਂ-ਤਿਵੇਂ ਬਿਰਤਾਂਤਕ ਰੂਪਾਂ ਅਤੇ ਸੁਭਾਅ ਵਿਚ ਵੀ ਇਹ ਤਬਦੀਲੀ ਵਾਪਰਦੀ ਹੈ। *"ਯੁੱਗ ਦ੍ਰਿਸ਼ਟੀ ਇਕ ਪਰਿਵਰਤਨਸ਼ੀਲ ਵਰਤਾਰਾ ਹੈ। ਵਿਰਾਟ ਮਾਨਵੀ ਚਿੰਤਨ-ਧਾਰਾ ਦੇ ਇਤਿਹਾਸ ਵਿਚ ਹੁਣ ਤੱਕ ਤਿੰਨ ਯੁੱਗ-ਦ੍ਰਿਸ਼ਟੀਆਂ ਸਥਾਪਿਤ ਹੋ ਚੁੱਕੀਆਂ ਹਨ, ਜਿਵੇਂ ਆਦਿਮ ਪਦਾਰਥਵਾਦੀ (Proto-Materialism), ਅਧਿਆਤਮਕ ਆਦਰਸ਼ਵਾਦੀ ਅਤੇ*


Received: 10Nov. 2025 Accepted: 30 Nov. 2025 Published: 05 Dec. 2025

*ਵਿਗਿਆਨਕ ਜਾਂ ਯਥਾਰਥਵਾਦੀ ਯੁੱਗ ਦ੍ਰਿਸ਼ਟੀ।"*[3] ਬਦਲਦੀ ਹੋਈ ਯੁਗ-ਚੇਤਨਾ ਬਿਰਤਾਂਤਕ ਤਬਦੀਲੀਆਂ ਦੇ ਨਾਲ-ਨਾਲ ਨਾਇਕ ਦੇ ਸਰੂਪ ਨੂੰ ਵੀ ਪ੍ਰਭਾਵਿਤ ਕਰਦੀ ਹੈ।

1. ਮਿਥ ਕਥਾਵਾਂ ਵਿਚ ਨਾਇਕ:-

ਮਿਥ ਕਥਾਵਾਂ ਸ੍ਰਿਸ਼ਟੀ ਦੀ ਉਤਪਤੀ ਅਤੇ ਅਪਹੁੰਚ, ਅਸੀਮ ਕੁਦਰਤੀ ਵਰਤਾਰਿਆਂ ਦੇ ਸਨਮੁਖ ਮਨੁੱਖ ਦੇ ਕੀ, ਕਿਉਂ, ਕਿਵੇਂ ਦੇ ਸਵਾਲਾਂ ਦੇ ਕਲਪਿਤ ਅਤੇ ਅਨੁਮਾਨਿਤ ਦਾਰਸ਼ਨਿਕ ਪ੍ਰਸੰਗ ਹਨ। ਪੂਰਵ ਇਤਿਹਾਸਕ ਯੁੱਗ ਵਿਚ ਵੱਖ-ਵੱਖ ਰੂਪਾਂ ਵਿਚ ਉਸ ਅਸੀਮ ਸ਼ਕਤੀ ਦਾ ਕਲਪਿਤ ਅਤੇ ਅਨੁਮਾਨਿਤ ਸਰੂਪ ਹੀ ਬਿਰਤਾਂਤ ਦਾ ਕੇਂਦਰ-ਬਿੰਦੂ ਸੀ। ਮਿਥ ਕਥਾਵਾਂ ਦੀ ਪਰੰਪਰਾ ਬੜੀ ਵਿਸ਼ਾਲ ਅਤੇ ਸਮੱਗਰ ਹੈ। ਇਹ ਦੇਵ ਪੁਰਸ਼ਾਂ, ਦੈਤਾਂ, ਰਾਮ ਚੰਦਰ, ਭਗਵਾਨ ਕ੍ਰਿਸ਼ਨ, ਰਾਜਾ ਜਨਕ ਦੇ ਜੀਵਨ ਚਰਿਤਰ ਸੰਬੰਧੀ, ਪਵਿਤਰ ਥਾਂਵਾਂ ਹਰਿਦੁਆਰ, ਗੰਧਰਵ ਨਗਰ, ਗੰਗਾ ਯਮੁਨਾ, ਬੈਕੁੰਠ ਦੇ ਮਹਾਤਮ ਸੰਬੰਧੀ, ਕੁਦਰਤੀ ਵਰਤਾਰਿਆਂ ਅੱਗ, ਹਵਾ, ਪਾਣੀ, ਸਮੁੰਦਰ, ਸੂਰਜ, ਵਰਖਾ ਆਦਿ ਸੰਬੰਧੀ ਚਮਤਕਾਰੀ ਵਸਤਾਂ, ਕਲਪ ਬਿਰਛ, ਕਾਮਧੇਨ ਗਊ ਆਦਿ ਸੰਬੰਧੀ ਘਟਨਾਵਾਂ/ਕਾਰਜਾਂ ਦੇ ਬਿਰਤਾਂਤ ਹਨ। ਲੋਕ ਪ੍ਰਚਲਿਤ ਸਮੁੰਦਰ ਮੰਥਨ ਦੀ ਕਥਾ ਅਨੁਸਾਰ ਦੇਵਤਿਆਂ ਅਤੇ ਦੈਤਾਂ ਦੇ ਸੰਘਰਸ਼ ਵਿੱਚੋਂ ਅੰਤਿਮ ਰੂਪ ਵਿਚ ਦੇਵਤਿਆਂ ਦੁਆਰਾ ਅੰਮ੍ਰਿਤ-ਕਲਸ਼ ਦੀ ਪ੍ਰਾਪਤੀ ਦੇਵਤਿਆਂ ਦੇ ਨਾਇਕਤਵ ਦੀ ਸਥਾਪਤੀ ਕਰਦੀ ਹੈ। ਅੰਮ੍ਰਿਤ ਸਦੀਵੀ ਜੀਵਨ ਦਾਨ/ਅਮਰਪਦ ਦਾ ਪ੍ਰਤੀਕ ਹੈ। ਧਰਮੀ ਅਤੇ ਸਦਭਾਵਨਾ ਵਾਲੇ ਗੁਣਾਂ ਦੇ ਧਾਰਨੀ ਦੇਵਤਿਆਂ ਦੁਆਰਾ ਇਸ ਦੀ ਪ੍ਰਾਪਤੀ, ਦੇਵ ਨਾਇਕਾਂ ਰਾਹੀਂ ਦੈਵੀ ਗੁਣਾਂ ਨੂੰ ਮਨੁੱਖੀ ਕਲਿਆਣ ਹਿੱਤ ਵਰਤਣ ਦੀ ਪ੍ਰਤੀਮਾਨ ਸਿਰਜਦੀ ਹੈ।

ਇਸੇ ਤਰ੍ਹਾਂ ਦੁਰਗਾ ਦੇਵੀ ਦੀ ਮਿਥ ਕਥਾ ਅਨੁਸਾਰ ਦੇਵਤਿਆਂ ਅਤੇ ਦੈਂਤਾਂ ਦੇ ਯੁੱਧ ਦੌਰਾਨ ਦੇਵਤਿਆਂ ਦੇ ਕਰੋਧ 'ਚੋਂ ਉਤਪੰਨ ਹੋਈ ਦੁਰਗਾ, ਚੰਡ-ਮੁੰਡ, ਰਕਤਬੀਜ, ਮਹਿਖਾਸੁਰ ਵਰਗੇ ਬਲਸ਼ਾਲੀ ਅਤੇ ਹੰਕਾਰੀ ਦੈਂਤਾਂ ਦਾ ਨਾਸ਼ ਕਰਦੀ ਹੋਈ ਜਿੱਤ ਪ੍ਰਾਪਤ ਕਰਦੀ ਹੈ। ਦੁਰਗਾ ਦੀ ਮਿਥ ਕਥਾ ਸਰਵਗੁਣ-ਸੰਪੰਨ, ਬਲਸ਼ਾਲੀ ਨਾਇਕਾਂ ਦਾ ਚਰਿੱਤਰ ਲੋਕਮਨ ਦੇ ਚਿਤਰਪਟ ਤੇ ਉਕਰਦੀ ਹੈ। ਇਸ ਤਰ੍ਹਾਂ ਮਿਥ ਕਥਾਵਾਂ ਦੀ ਪਰੰਪਰਾ ਬੜੀ ਅਸੀਮ ਹੈ।

ਇਹਨਾਂ ਸਭ ਮਿਥ ਕਥਾਵਾਂ ਵਿਚ ਵਰਦਾਨ ਦੀ ਰੂੜ੍ਹੀ ਨਾਇਕ ਦੀ ਸਥਾਪਤੀ ਲਈ ਬੜੀ ਫੈਸਲਕੁਨ ਭੂਮਿਕਾ ਨਿਭਾਉਂਦੀ ਹੈ। ਤਪ-ਸਾਧਨਾਂ ਅਤੇ ਕਠੋਰ ਘਾਲਣਾ ਦੁਆਰਾ ਅਮਰਪਦ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਵਰਦਾਨ ਦੀ ਪ੍ਰਾਪਤੀ ਮਨੁੱਖੀ ਹੋਂਦ ਦੀ ਸਥਾਪਤੀ ਲਈ ਕੀਤੇ ਸੰਘਰਸ਼ ਦੀ ਪ੍ਰਤੀਕ ਹੈ। ਪਰ ਅਮਰਪਦ ਪ੍ਰਾਪਤ ਕਰਕੇ ਮਨੁੱਖ/ਦੇਵਤਾ/ਦੈਂਤ ਮੌਤ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ ਅਤੇ ਕੁਕਰਮੀ ਅਤੇ ਹੰਕਾਰੀ ਹੋ ਜਾਂਦਾ ਹੈ। ਹੋਲਕਾ ਦਾ ਅੱਗ ਵਿਚ ਸੜਨਾ, ਭਗਵਾਨ ਨਰਸਿੰਘ ਦੁਆਰਾ ਵਰਦਾਨ ਦੀਆਂ ਸ਼ਰਤਾਂ ਪੂਰੀਆਂ ਕਰਕੇ ਹਰਨਾਕਸ਼ ਦਾ ਖਾਤਮਾ, ਸਮੁੰਦਰ ਮੰਥਨ ਵੇਲੇ ਰਾਕਸ਼ਾਂ ਕੋਲੋਂ ਅੰਮ੍ਰਿਤ ਦਾ ਖੁੱਸ ਜਾਣਾ, ਦੁਰਗਾ ਦੁਆਰਾ ਮਹਿਖਾਸੁਰ ਵਰਗੇ ਬਲਸ਼ਾਲੀ ਦੈਂਤ ਦਾ ਖਾਤਮਾ, ਜਗਤ ਜਿੱਤਣ ਦਾ ਵਰਦਾਨ ਪ੍ਰਾਪਤ ਕਰਨ ਵਾਲੇ ਰਾਵਣ ਦਾ ਖਾਤਮਾ ਮੌਤ ਦੀ ਅਟੱਲਤਾ ਦਾ ਪ੍ਰਤੀਕ ਹੈ। ਮੌਤ ਦਾ ਭੈਅ ਹੀ ਔਗੁਣਾਂ ਦੇ ਤਿਆਗ ਦਾ ਚਿੰਨ੍ਹ ਹੈ। ਵਰਦਾਨ/ਗੁਣਾਂ ਦੀ ਵਰਤੋਂ ਮਨੁੱਖੀ ਹੋਂਦ ਦੀ ਅਨੁਸਾਰੀ ਹੁੰਦੀ ਹੋਈ ਮਨੁੱਖ ਵਿਰੋਧੀ ਤਾਕਤਾਂ/ਕੁਕਰਮਾਂ ਉੱਪਰ ਜਿੱਤ ਦਾ ਸਦੀਵੀ ਅਤੇ ਸਾਰਥਕ ਪ੍ਰਤੀਮਾਨ ਸਿਰਜਦੀ ਹੈ। ਇਸ ਦੇ ਨਾਲ ਹੀ ਇਹ ਵੀ ਸਥਾਪਿਤ ਕਰਦੀ ਹੈ ਕਿ ਬੌਣੇ ਆਚਰਨ ਦੇ ਰਾਕਸ਼ਾਂ ਕੋਲ ਅਮਰਪਦ/ਵਰਦਾਨ ਦੀ ਸ਼ਕਤੀ ਵੀ ਉਹਨਾਂ ਨੂੰ ਨਹੀਂ ਬਚਾ ਸਕੀ ਜਦਕਿ ਦੇਵਤਿਆਂ/ਸਤਪੁਰਖਾਂ ਦੀ ਨੇਕ ਨੀਅਤੀ ਅਤੇ ਪਰਮਾਤਮਾ ਤੇ ਟੇਕ ਸਦਕਾ, ਅਟੁੱਟ ਵਿਸ਼ਵਾਸ ਅਤੇ ਸਿਦਕ ਨਾਲ ਉਹ ਵਰਦਾਨ ਪ੍ਰਾਪਤ ਰਾਕਸ਼ਾਂ ਨੂੰ ਵੀ ਹਰਾ ਦਿੰਦੇ ਹਨ।

ਕੁਦਰਤੀ ਵਰਤਾਰਿਆਂ ਸੰਬੰਧੀ ਮਿਥਾਂ (ਅੱਗ, ਹਵਾ, ਪਾਣੀ, ਵਰਖਾ ਆਦਿ) ਵਿਚ ਭਾਵੇਂ ਨਾਇਕ ਅਬੋਲ ਅਤੇ ਅਹਿੱਲ ਹੈ ਪਰ ਉਸਦੀ ਦੈਵੀ ਸਮਰੱਥਾ ਅਤੇ ਲੋਕ ਕਾਰਜਾਂ ਦੀ ਸਿੱਧੀ ਲੋਕਮਨਾਂ ਵਿਚ ਉਸਦਾ ਪ੍ਰਤੀਕਾਤਮਕ ਨਾਇਕਤਵ ਸਥਾਪਤ ਕਰਦੀ ਹੈ। ਇਹਨਾਂ ਸਭ ਵਰਤਾਰਿਆਂ ਪਿੱਛੇ ਕਿਸੇ ਦੈਵੀ ਸ਼ਕਤੀ ਦੀ ਹੋਂਦ ਨੂੰ ਮੰਨ ਕੇ ਲੋਕਮਨ ਇਨਾਂ ਦੀ ਪੂਜਾ ਕਰਦਾ ਹੈ। ਇਹਨਾਂ ਦੀ ਕਰੋਪੀ ਤੋਂ ਬਚਣ ਲਈ ਜਾਦੂ/ਟੂਣੇ ਅਤੇ ਅਨੁਸ਼ਠਾਨਾਂ ਦਾ ਸਹਾਰਾ ਲੈਂਦਾ ਹੈ।

ਇਸ ਤਰ੍ਹਾਂ ਮਿਥ ਕਥਾਵਾਂ ਪੂਰਵ ਇਤਿਹਾਸਕ ਯੁੱਗ ਦੌਰਾਨ ਮਨੁੱਖੀ ਹੋਂਦ ਨੂੰ ਬਰਕਰਾਰ ਰੱਖਣ ਲਈ ਪ੍ਰਕਿਰਤੀ ਨਾਲ ਕੀਤੇ ਸੰਘਰਸ਼ ਦੀ ਢੁੱਕਵੀਂ ਤਰਜਮਾਨੀ ਕਰਦੀਆਂ ਹਨ। ਇਹ ਅਸਲ ਵਿਚ ਮਨੁੱਖ ਦਾ ਮੁੱਢਲਾ ਵਿਗਿਆਨ ਹਨ। ਲੋਕਮਨ ਦੁਆਰਾ ਉੱਡਣ ਖਟੋਲੇ ਦੀ ਦੈਵੀ ਉਡਾਣ ਦਾ ਸੁਪਨਾ ਹੀ ਜਹਾਜ ਵਰਗੀ ਭੌਤਿਕ ਖੋਜ ਦਾ ਬੀਜ ਹੈ। ਮਿਥ ਕਥਾਵਾਂ ਦੁਆਰਾ ਪਾਰਲੌਕਿਕ ਤੱਤਾਂ ਅਤੇ ਵਿਅਕਤੀਆਂ ਦੀ ਪ੍ਰਤੀਕਾਤਮਕ ਪੇਸ਼ਕਾਰੀ ਅਸਲ ਵਿਚ ਮਨੁੱਖੀ ਹੋਂਦ ਦੀ ਸਥਾਪਤੀ ਲਈ, ਉਸ ਅਸੀਮ ਸ਼ਕਤੀ ਵਿਚ ਟੇਕ ਰੱਖ ਕੇ ਸਦਗੁਣਾਂ ਦੇ ਧਾਰਨੀ ਹੋਣ ਅਤੇ ਅੱਗੇ ਵਧਣ ਦਾ ਉਸਾਰੂ ਅਤੇ ਸਾਰਥਕ ਦ੍ਰਿਸ਼ਟੀਕੋਣ ਮੁਹੱਈਆ ਕਰਦੀ ਹੈ।

2. ਦੰਤ ਕਥਾਵਾਂ ਵਿਚ ਨਾਇਕ:-

ਇਤਿਹਾਸਕ ਵਿਕਾਸ ਦੌਰਾਨ ਮਨੁੱਖ, ਕਬੀਲਾ ਸਮਾਜ ਦੀ ਜਾਦੂ ਚੇਤਨਾ 'ਚੋਂ ਨਿਕਲਦਾ ਹੋਇਆ, ਆਪਣਾ ਭੌਤਿਕ ਅਸਤਿਤਵ ਪਛਾਣਨ ਲੱਗਦਾ ਹੈ। ਕਬੀਲਾ ਸਮਾਜ ਤੋਂ ਬਾਅਦ ਮਨੁੱਖੀ ਇਤਿਹਾਸ ਵਿਚ ਜਗੀਰਦਾਰੀ ਪ੍ਰਬੰਧ ਹੋਂਦ ਵਿਚ ਆਇਆ। ਜਗੀਰਦਾਰੀ ਪ੍ਰਬੰਧ ਦੀ ਮੱਧਕਾਲੀ ਚੇਤਨਾ ਦੇ ਨਾਲ ਲੋਕ ਬਿਰਤਾਂਤ ਮਿਥਾਂ ਤੋਂ ਬਾਅਦ, ਦੰਤ ਕਥਾਵਾਂ ਦੇ ਰੂਪ ਵਿਚ ਯਥਾਰਥਕ ਜਗਤ ਦੇ ਵਰਤਾਰਿਆਂ ਨਾਲ ਸੰਵਾਦ ਰਚਾਉਂਦਾ

ਹੈ। ਦੰਤ ਕਥਾਵਾਂ ਤੱਥ ਅਤੇ ਮਿਥ ਦਾ ਸੁਮੇਲ ਹਨ। ਇਸ ਵਿਚ ਕਿਸੇ ਨਾ ਕਿਸੇ ਇਤਿਹਾਸਕ ਘਟਨਾ, ਵਿਅਕਤੀ ਜਾਂ ਤੱਥ ਨੂੰ ਲੋਕ ਤੱਤ ਅਤੇ ਲੋਕ ਕਲਪਨਾ ਨਾਲ ਓਤਪੋਤ ਕਰਕੇ ਪੁਨਰ ਸਿਰਜਣ ਕੀਤਾ ਜਾਂਦਾ ਹੈ। ਮੱਧਕਾਲੀਨ ਯੁੱਗ ਵਿਚ ਹੀ ਦੰਤ ਕਥਾਵਾਂ ਦੀ ਪਰੰਪਰਾ ਆਪਣੇ ਸਿਖਰ ਤੇ ਪੁੱਜਦੀ ਹੈ। ਇਸ ਕਾਲ ਵਿਚ ਮੁੱਖ ਤੌਰ ’ਤੇ ਤਿੰਨ ਮੁੱਖ ਪ੍ਰਵਿਰਤੀਆਂ ਨਾਲ ਸੰਬੰਧਿਤ ਦੰਤ ਕਥਾਵਾਂ ਦੀ ਸਿਰਜਣਾ ਹੋਈ ਮਿਲਦੀ ਹੈ - ਪਹਿਲਾ ਧਾਰਮਿਕ/ਅਧਿਆਤਮਕ ਪ੍ਰਵਿਰਤੀ, ਦੂਜਾ ਪ੍ਰੀਤ ਕਥਾਵਾਂ ਅਤੇ ਤੀਜਾ ਵੀਰ ਕਥਾਵਾਂ। ਪੂਰਨ ਭਗਤ, ਪ੍ਰਹਿਲਾਦ ਭਗਤ, ਭਰਥਰੀ ਹਰੀ ਪਰਿਸਥਿਤੀਆਂ ਦੇ ਸਤਾਏ ਹੋਏ ਹਨ। ਪੂਰਨ ਭਗਤ (ਰਾਜੇ ਸਲਵਾਹਨ ਦਾ ਪੁੱਤਰ) ਮਤਰੇਈ ਮਾਂ ਵੱਲੋਂ ਲਾਈ ਤੁਹਮਤ ਕਾਰਨ, ਰਾਜਾ ਵੱਢ ਕੇ ਖੂਹ ਵਿਚ ਸੁੱਟਵਾ ਦਿੰਦਾ ਹੈ। ਉਹ ਆਪਣੀ ਤਪ ਸਾਧਨਾ ਅਤੇ ਤਿਆਗ ਸਦਕਾ ਗੋਰਖ ਦੇ ਚੇਲੇ ਪੂਰਨ ਯੋਗੀ ਵਜੋਂ ਲੋਕਮਨ ਵਿਚ ਸਥਾਨ ਹਾਸਲ ਕਰਦਾ ਹੈ। ਭਗਤ ਪ੍ਰਹਿਲਾਦ ਦੀ ਕਥਾ ਦਾ ਮੂਲ ਭਾਵੇਂ ਪੁਰਾਣਕ ਕਥਾਵਾਂ ਨਾਲ ਜਾ ਜੁੜਦਾ ਹੈ। ਪ੍ਰਹਿਲਾਦ ਦਾ ਪਿਤਾ ਹਰਨਾਕਸ਼ ਇੱਕ ਰਾਖਸ਼ ਰਾਜਾ ਸੀ ਜੋ ਬ੍ਰਹਮਾ ਤੋਂ ਮਿਲੇ ਅਮਰਪਦ ਦੇ ਵਰਦਾਨ ਸਦਕਾ ਹੰਕਾਰੀ ਹੋ ਗਿਆ ਤੇ ਆਪਣੇ ਆਪ ਨੂੰ ਰੱਬ ਸਮਝਣ ਲੱਗਿਆ। ਪਰਜਾ ਤੋਂ ਆਪਣਾ ਹੀ ਨਾਮ ਜਪਾਉਣ ਲੱਗਿਆ। ਪ੍ਰਹਿਲਾਦ ਨੇ ਉਸਦੇ ਇਸ ਹੰਕਾਰ ਅਤੇ ਜ਼ੁਲਮ ਦੇ ਪ੍ਰਤੀਰੋਧ ਵਜੋਂ ਨਾਰਾਇਣ ਦਾ ਨਾਮ ਜਪਦੇ ਹੋਏ, ਸਿਦਕ ਨਾਲ ਉਸਦਾ ਹੰਕਾਰ ਤੋੜਿਆ। ਪ੍ਰਹਿਲਾਦ ਤਪ, ਤਿਆਗ ਅਤੇ ਸਿਦਕ ਦੇ ਪ੍ਰਤੀਕ ਵਜੋਂ ਲੋਕ ਮਨਾਂ ’ਤੇ ਰਾਜ ਕਰਦਾ ਹੈ। ਜਿਸ ਦਾ ਮਹੱਤਵ ਭਗਤ ਕਬੀਰ ਜੀ ਵੀ ਸੱਚੇ ਸਾਧਕ ਦੀ ਉਦਾਹਰਨ ਵਜੋਂ ਦ੍ਰਿੜ ਕਰਾਉਂਦੇ ਹਨ:-

*ਰਾਮ ਜਪਉ ਜੀਅ ਐਸੇ ਐਸੇ॥*
*ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥*[4]

ਇਸੇ ਤਰ੍ਹਾਂ ਉਜੈਨ ਦਾ ਰਾਜਾ ਭਰਥਰੀ ਹਰੀ ਆਪਣੀ ਪਤਨੀ (ਪਿੰਗਲਾ) ਵੱਲੋਂ ਮਿਲੇ ਧੋਖੇ ਕਾਰਨ ਰਾਜ-ਭਾਗ ਆਪਣੇ ਭਰਾ ਵਿਕਰਮਾਦਿੱਤ ਨੂੰ ਸੌਂਪ ਕੇ ਗੋਰਖ ਨਾਥ ਦਾ ਚੇਲਾ ਬਣ ਜਾਂਦਾ ਹੈ ਅਤੇ ਲੋਕ-ਮਨਾਂ ਵਿਚ ਤਪ-ਸਾਧਨਾ ਦੇ ਪ੍ਰਤੀਕ ਵਜੋਂ ਆਪਣਾ ਨਾਇਕਤਵ ਸਥਾਪਤ ਕਰਦਾ ਹੈ। ਇਸੇ ਤਰ੍ਹਾਂ ਗੋਪੀ ਚੰਦ, ਰੂਪ-ਬਸੰਤ ਆਦਿ ਬਹੁਤ ਸਾਰੇ ਕਥਾ ਪ੍ਰਸੰਗਾਂ ਨੂੰ ਇਸ ਸੰਦਰਭ ਵਿਚ ਵਿਚਾਰਿਆ ਜਾ ਸਕਦਾ ਹੈ।

ਪ੍ਰੀਤ ਕਥਾਵਾਂ ਦੀ ਪਰੰਪਰਾ ਬੜੀ ਅਮੀਰ ਹੈ। ਸਭ ਤੋਂ ਵੱਧ ਕਿੱਸੇ ਵੀ ਪ੍ਰੀਤ ਕਥਾਵਾਂ ਦੇ ਨਾਇਕਾਂ ਦੇ ਜੀਵਨ ਸੰਬੰਧੀ ਲਿਖੇ ਗਏ। ਹੀਰ ਰਾਂਝਾ, ਸੋਹਣੀ-ਮਹੀਂਵਾਲ ਅਤੇ ਮਿਰਜਾ ਸਾਹਿਬਾ ਪੰਜਾਬੀ ਮੂਲ ਦੀਆਂ ਕਥਾਵਾਂ ਹਨ। ਇਸ ਤੋਂ ਬਿਨਾ ਸੱਸੀ ਪੁੰਨੂੰ, ਸ਼ੀਰੀ-ਫਰਹਾਦ, ਲੈਲਾ ਮਜਨੂੰ, ਯੂਸਫ਼-ਜੁਲੈਖਾਂ ਆਦਿ ਭਾਵੇਂ ਭਾਰਤੀ/ਵਿਦੇਸ਼ੀ ਸੋਮਿਆਂ ਤੋਂ ਆਈਆਂ ਹਨ, ਪਰ ਪੰਜਾਬੀ-ਜਨ-ਮਾਨਸ ਵਿਚ ਮਨੋਰੰਜਨ ਦਾ ਭਰਪੂਰ ਸਾਧਨ ਰਹੀਆਂ ਹਨ ਅਤੇ ਕਿੱਸਾ-ਕਾਵਿ ਦੀ ਅਮੀਰ ਪਰੰਪਰਾ ਦਾ ਕਥਾ-ਵਸਤੂ ਬਣੀਆਂ। ਇਹਨਾਂ ਪ੍ਰੀਤ ਕਹਾਣੀਆਂ ਦੇ ਨਾਇਕ/ਨਾਇਕਾਵਾਂ ਦਾ ਇਸ਼ਕ ਭਾਵੇਂ ਦੁਨਿਆਵੀ ਇਸ਼ਕ ਹੈ ਪਰ ਉਹਨਾਂ ਨੂੰ ਲੋਕ ਬਿਰਤਾਂਤਾਂ ਵਿਚ ਆਦਰਸ਼ਕ ਪ੍ਰੇਮ/ਰੂਹਾਂ ਦੇ ਪਿਆਰ ਵਜੋਂ ਪੇਸ਼ ਕੀਤਾ ਗਿਆ ਹੈ। ਉਹਨਾਂ ਦਾ ਪ੍ਰੇਮ ਯਥਾਰਥਕ ਧਰਾਤਲ ਤੋਂ ਸ਼ੁਰੂ ਹੋ ਕੇ ਇਸ਼ਕ ਹਕੀਕੀ ਦੀ ਪੱਧਰ ਤੱਕ ਪਹੁੰਚ ਜਾਂਦਾ ਹੈ। ਦੁਖਾਂਤਕ ਅੰਤ ਵਾਲੇ ਬਿਰਤਾਂਤਾਂ ਵਿਚ ਨਾਇਕ-ਨਾਇਕਾ ਦਾ ਮੇਲ ਮਰਨ-ਉਪਰੰਤ ਰੂਹਾਂ ਦੇ ਮੇਲ ਵਜੋਂ ਕਰਵਾਇਆ ਜਾਂਦਾ ਹੈ। ਇਹਨਾਂ ਕਥਾਵਾਂ ਦੇ ਨਾਇਕ ਆਪਣੇ ਸਮਕਾਲੀ ਸਮਾਜ ਦੀਆਂ ਮਾਨਤਾਵਾਂ ਅਨੁਸਾਰ ਭਾਵੇਂ ਮਰਿਯਾਦਾ-ਭੰਜਕ ਹਨ ਪਰ ਆਪਣੇ ਆਦਰਸ਼ ਪ੍ਰਤੀ ਸਿਦਕ, ਵਫਾਦਾਰੀ ਅਤੇ ਕੁਰਬਾਨੀ ਦੀ ਭਾਵਨਾ ਸਦਕਾ ਪੰਜਾਬੀ ਨੌਜਵਾਨ ਦੇ ਆਦਰਸ਼ ਨਾਇਕ ਹਨ। ਮਿਥ ਦੇ ਨਾਇਕਾਂ ਵਾਂਗ ਮਰਿਯਾਦਾ-ਪੁਰਸ਼ੋਤਮ ਦੈਵੀ ਨਾਇਕ ਨਾ ਹੋ ਕੇ ਇਹ ਆਪਣੀਆਂ ਵਿਅਕਤੀਗਤ ਇੱਛਾਵਾਂ ਦੀ ਪੂਰਤੀ ਲਈ ਸਮਾਜ ਨੂੰ ਵੰਗਾਰਦੇ ਹਨ ਅਤੇ ਸੰਘਰਸ਼ ਕਰਦੇ ਹੋਏ ਆਪਣੇ ਅਨੁਸਾਰੀ ਸਮਾਜਿਕ ਪ੍ਰਤੀਮਾਨ ਸਿਰਜਣ ਦਾ ਯਤਨ ਕਰਦੇ ਹਨ।

ਦੰਤ ਕਥਾਵਾਂ ਦੀ ਤੀਜੀ ਪ੍ਰਵਿਰਤੀ ਰਾਜਾ ਰਸਾਲੂ, ਜੈਮਲ ਫੱਤਾ, ਦੁੱਲਾ ਭੱਟੀ ਆਦਿ ਯੋਧਿਆਂ ਦੀ ਹੈ। ਜੋ ਆਪਣੇ ਸਮਕਾਲੀ ਨਿਜ਼ਾਮ/ਜਗੀਰਦਾਰੀ ਪ੍ਰਬੰਧ ਦੀਆਂ ਵਧੀਕੀਆਂ ਨੂੰ ਆਪਣੀ ਤਲਵਾਰ ਦੀ ਤਾਕਤ ਨਾਲ ਵੰਗਾਰਦੇ ਹਨ। ਆਪਣੀ ਬਹਾਦਰੀ ਅਤੇ ਆਤਮ-ਵਿਸ਼ਵਾਸ ਨਾਲ ਕੀਤੇ ਸੰਘਰਸ਼ ਸਦਕਾ ਲੋਕਮਨਾਂ ਤੇ ਰਾਜ ਕਰਦੇ ਹਨ। ਰਾਜਾ ਰਸਾਲੂ ਦੀ ਕਥਾ ਵੱਖ-ਵੱਖ ਰੂਪਾਂ ਵਿਚ ਪ੍ਰਚਲਿਤ ਹੈ। ਉਹ ਆਪਣੀ ਬਹਾਦਰੀ ਦੇ ਕਾਰਨਾਮਿਆਂ (ਆਦਮਖੋਰ ਰਾਖਸ਼ਾਂ ਨਾਲ ਲੜਾਈ, ਅਤਿਆਚਾਰੀ ਰਾਜੇ ਸਿਰਕੱਪ ਨੂੰ ਸਾਰਪਾਸੇ ਦੀ ਖੇਡ ’ਚ ਹਰਾ ਕੇ ਉਸਦਾ ਖਾਤਮਾ) ਕਰਕੇ ਜਾਣਿਆ ਜਾਂਦਾ ਹੈ। ਅਕਬਰ ਦਾ ਸਮਕਾਲੀ ਦੁੱਲਾ-ਭੱਟੀ ਬਹਾਦਰੀ, ਨਿਆਂ ਅਤੇ ਗਰੀਬਾਂ ਦੇ ਮਸੀਹੇ ਵਜੋਂ ਜਾਣਿਆ ਜਾਂਦਾ ਹੈ। ਗੁਰੀਲਾ ਯੁੱਧ ਪ੍ਰਣਾਲੀ ਰਾਹੀਂ ਜ਼ਿਮੀਦਾਰਾਂ/ਵਪਾਰੀਆਂ ਤੋਂ ਮਾਲੀਏ ਦਾ ਪੈਸਾ ਲੁੱਟ ਕੇ ਗਰੀਬਾਂ ਵਿਚ ਵੰਡ ਦਿੰਦਾ ਸੀ। ਸੁੰਦਰੀ-ਮੁੰਦਰੀ ਗਰੀਬ ਧੀਆਂ ਨੂੰ ਧਾੜਵੀਆਂ ਤੋਂ ਬਚਾ ਕੇ ਉਹਨਾਂ ਦਾ ਵਿਆਹ ਕਰਨਾ ਤਾਂ ਲੋਹੜੀ ਦੇ ਤਿਉਹਾਰ ਨਾਲ ਸਦਾ ਲਈ ਜੁੜ ਗਿਆ। ਦੁੱਲੇ ਦੀ ਕਥਾ ਜਿੱਥੇ ਯੋਧਿਆਂ ਦੀ ਬਹਾਦਰੀ ਦੇ ਸੋਹਲੇ ਗਾਉਂਦੀ ਹੈ, ਉੱਥੇ ਯੋਧਿਆਂ ਦੇ ਮਨਾਂ ਵਿਚ ਨਾਰੀ ਦੀ ਇੱਜਤ ਦਾ ਵੀ ਬਿਰਤਾਂਤ ਸਿਰਜਦੀ ਹੈ। ਇਸ ਤਰ੍ਹਾਂ ਜਿਉਣਾ ਮੌੜ, ਸੁੱਚਾ ਸੂਰਮਾ, ਭਾਈ ਬਿਧੀ ਚੰਦ ਵਰਗੇ ਅਨੇਕਾਂ ਯੋਧਿਆਂ ਦੀਆਂ ਕਹਾਣੀਆਂ ਨੂੰ ਸੁਣਾ ਕੇ ਅਤੇ ਲੋਕ ਮੇਲਿਆਂ ਵਿਚ ਕਿੱਸਿਆਂ ਦੇ ਰੂਪ ਵਿਚ ਗਾ ਕੇ ਨੌਜਵਾਨਾਂ ਨੂੰ ਆਦਰਸ਼ਕ ਯੋਧੇ ਵਰਗਾ ਵਿਅਕਤੀਤਵ ਘੜਨ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਇਉਂ ਦੰਤ ਕਥਾਵਾਂ ਮਿਥਾਂ ਦਾ ਹੀ ਯਥਾਰਥਕ ਵਿਕਾਸ ਹਨ। ਦੰਤ ਕਥਾ ਦਾ ਨਾਇਕ ਦੇਵਤੇ ਤੋਂ ਆਦਰਸ਼ਕ ਲੋਕ ਨਾਇਕ ਦੀ ਯਾਤਰਾ ਕਰਦਾ ਹੈ।

3. ਲੋਕ ਕਹਾਣੀਆਂ (Folktales) ਵਿਚ ਨਾਇਕ:-

ਬਿਰਤਾਂਤ ਦਾ ਸਫਰ ਮਿਥਕ ਚੇਤਨਾ ਤੋਂ ਸ਼ੁਰੂ ਹੋ ਕੇ ਦੰਤ ਕਥਾਵਾਂ ਦੇ ਰੂਪ ਵਿਚ ਵਿਕਸਿਤ ਹੁੰਦਾ ਹੋਇਆ, ਸਮਾਜਿਕ ਚੇਤਨਾ ਦੇ ਵਿਕਾਸ ਨਾਲ ਲੋਕ ਕਹਾਣੀ (ਬਾਤ) ਦਾ ਰੂਪ ਧਾਰਨ ਕਰਦਾ ਹੈ। *"ਲੋਕ ਕਹਾਣੀਆਂ ਦਾ ਸੁਭਾਅ ਘਰੇਲੂ ਹੁੰਦਾ ਹੈ। ਉਹ ਪਰਿਵਾਰਕ ਉਲਝਣਾਂ ਅਤੇ ਸਮੱਸਿਆਵਾਂ ਵਿੱਚੋਂ ਪੈਦਾ ਹੁੰਦੀਆਂ ਹਨ। ਇਨ੍ਹਾਂ ਦੇ ਵਿਸ਼ੇ ਆਮ ਤੌਰ 'ਤੇ ਸਭਿਆਚਾਰਕ ਰੂੜ੍ਹੀਆਂ ਅਤੇ ਪਰਿਵਾਰਕ ਪਰਬੰਧ ਵਿਚ ਆਈਆਂ ਤ੍ਰੇੜਾਂ ਉੱਪਰ ਆਧਾਰਤ ਹੁੰਦੇ ਹਨ। ਇਨ੍ਹਾਂ ਕਹਾਣੀਆਂ ਦੇ ਪਾਤਰ ਭਾਵੇਂ ਕੋਈ ਵੀ ਹੋਣ, ਮਨੁੱਖ, ਪਸ਼ੂ, ਪੰਛੀ ਜਾਂ ਦੂਜੇ ਜੰਗਲੀ ਜਾਨਵਰ, ਇਨ੍ਹਾਂ ਦਾ ਮੁੱਖ ਕਾਰਜ ਮਨੁੱਖੀ ਹਾਵਾਂ-ਭਾਵਾਂ ਨੂੰ ਪ੍ਰਗਟਾਉਣਾ ਤੇ ਉਹਨਾਂ ਨੈਤਿਕ ਕਦਰਾਂ ਕੀਮਤਾਂ ਨੂੰ ਦ੍ਰਿੜਾਉਣਾ ਹੁੰਦਾ ਹੈ। ਜਿਹੜੀਆਂ ਸੰਬੰਧਿਤ ਸਭਿਆਚਾਰ ਵਿਚ ਸ੍ਵੀਕ੍ਰਿਤ ਹਨ।"*[5] ਇਸ ਤਰ੍ਹਾਂ ਲੋਕ ਕਹਾਣੀਆਂ ਦੇ ਪਾਤਰ ਜਾਂ ਘਟਨਾਵਾਂ ਭਾਵੇਂ ਅਸਧਾਰਨ ਹੋਣ, ਪਰ ਇਹ ਮਨੁੱਖ ਦੇ ਯਥਾਰਥਕ ਜਗਤ ਦੀ ਬਾਤ ਪਾਉਂਦੀਆਂ ਹਨ। ਲੋਕ ਪ੍ਰਚਲਿਤ 'ਪੰਜ ਫੂਲਾਂ ਰਾਣੀ' ਦੀ ਲੋਕ ਕਹਾਣੀ ਵਿਚ ਕਿਸੇ ਰਾਜੇ ਦਾ ਸਭ ਤੋਂ ਛੋਟਾ ਰਾਜਕੁਮਾਰ ਆਪਣੀਆਂ ਭਰਜਾਈਆਂ ਦੀ ਭੈਣ ਨਾਲ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੰਦਾ ਹੈ ਤਾਂ ਉਹ ਉਸਨੂੰ ਪੰਜ ਫੂਲਾਂ ਰਾਣੀ ਵਿਆਹ ਕੇ ਲਿਆਉਣ ਦਾ ਮਿਹਣਾ ਮਾਰਦੀਆਂ ਹਨ। ਇਸ ਵੰਗਾਰ ਨੂੰ ਕਬੂਲ ਕਰਦਾ ਹੋਇਆ ਉਹ ਆਪਣੇ ਆਦਰਸ਼ (ਪਰੀ) ਦੀ ਪ੍ਰਾਪਤੀ ਲਈ ਘਰੋਂ ਤੁਰ ਪੈਂਦਾ ਹੈ। ਵਿਰੋਧੀ ਪਰਿਸਥਿਤੀਆਂ/ਖਲਨਾਇਕਾ ਨੂੰ ਸਰ ਕਰਦਾ ਹੋਇਆ, ਸਹਾਇਕ (ਸਾਧੂ) ਪਾਤਰਾਂ ਅਤੇ ਪਰਿਸਥਿਤੀਆਂ ਦੀ ਮੱਦਦ ਨਾਲ ਅਖੀਰ ਆਪਣਾ ਆਦਰਸ਼ ਪ੍ਰਾਪਤ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ।

ਆਮ ਮਨੁੱਖ ਜਾਂ ਰਾਜਿਆਂ ਦੁਆਰਾ ਅਪਹੁੰਚ/ਅਦਭੁਤ ਪਰੀਆਂ ਨੂੰ ਵਿਆਹੁਣ ਦਾ ਪ੍ਰਸੰਗ ਅਨੇਕਾਂ ਤਰ੍ਹਾਂ ਦੀਆਂ ਪਰੀ ਕਹਾਣੀਆਂ (ਬਿਲ ਦੀ ਰਾਣੀ, ਅਣਬੋਲਾਂ ਰਾਣੀ, ਜਲ ਦੀ ਰਾਣੀ ਆਦਿ) ਦਾ ਕਥਾ-ਵਸਤੂ ਬਣਦਾ ਹੈ। ਅਜਿਹੇ ਕਥਾ ਪ੍ਰਸੰਗ ਮਨੁੱਖ ਦੁਆਰਾ ਵਸਤੂ-ਯਥਾਰਥ ਦੀਆਂ ਕਮੀਆਂ, ਖਾਹਿਸ਼ਾਂ ਨੂੰ ਪੂਰਾ ਕਰਨ ਲਈ ਯਤਨਸ਼ੀਲ ਰਹਿਣ ਦਾ ਪ੍ਰਤੀਕ ਹਨ।

'ਕਾਂ ਅਤੇ ਚਿੜੀ' ਦੁਆਰਾ ਰਲ ਕੇ ਖੇਤੀ ਕਰਨ ਵਾਲੀ ਪ੍ਰਸਿੱਧ ਕਹਾਣੀ ਵਿਚ ਕਾਂ ਲੋਟੂ ਸ਼੍ਰੇਣੀ ਦਾ ਪ੍ਰਤੀਕ ਹੈ ਜੋ ਵਿਹਲੜ/ਨਿਕੰਮਾ ਹੁੰਦਾ ਹੋਇਆ ਵੀ ਚਲਾਕੀ ਨਾਲ ਚਿੜੀ ਤੋਂ ਸਾਰਾ ਅਨਾਜ ਹਥਿਆ ਕੇ ਲੈ ਜਾਂਦਾ ਹੈ ਪਰ ਚਿੜੀ ਸਦਗੁਣਾਂ ਵਾਲੀ ਅਤੇ ਮਿਹਨਤੀ ਹੈ। ਜੋ ਮਿਲਿਆ ਉਸ ਤੇ ਸਬਰ ਕਰਦੀ ਹੈ। ਕੁਦਰਤ ਉਸਦਾ ਸਾਥ ਦਿੰਦੀ ਹੈ। ਕਾਂ ਮੀਂਹ ਵਿਚ ਠੰਢ ਨਾਲ ਮਰ ਜਾਂਦਾ ਹੈ। ਚਿੜੀ ਮੱਕੀ ਦੇ ਟਾਂਡਿਆਂ ਵਿਚ ਲੁਕੀ ਬਚ ਜਾਂਦੀ ਹੈ ਅਤੇ ਅਖੀਰ ਸਭ ਕੁਝ ਪ੍ਰਾਪਤ ਕਰ ਲੈਂਦੀ ਹੈ। ਆਪਣੀ ਮਿਹਨਤ ਅਤੇ ਸਬਰ-ਸੰਤੋਖ ਦੀ ਬਿਰਤੀ ਸਦਕਾ ਆਧੁਨਿਕ ਮਨੁੱਖ ਲਈ ਆਦਰਸ਼ਕ ਜੀਵਨ ਦਾ ਨਾਇਕਤਵ ਸਥਾਪਤ ਕਰਦੀ ਹੈ।

ਇਸੇ ਤਰ੍ਹਾਂ ਦੀਆਂ ਹੋਰ ਬਹੁਤ ਸਾਰੀਆਂ ਨੀਤੀ ਕਥਾਵਾਂ (ਪਿਆਸਾ ਕਾਂ, ਲਾਲਸਾ ਦੀ ਚੱਕੀ, ਲਾਲਚੀ ਕੁੱਤਾ, ਏਕਤਾ ਵਿਚ ਬਰਕਤ) ਆਪਣੇ ਲਘੂ-ਬਿਰਤਾਂਤਾਂ ਰਾਹੀਂ ਜੀਵਨ ਦੀਆਂ ਵੱਡੀਆਂ ਸੱਚਾਈਆਂ ਨੂੰ ਦ੍ਰਿੜ ਕਰਾਉਂਦੀਆਂ ਹਨ। ਸਮਾਜਿਕ ਪ੍ਰਬੰਧ ਦੇ ਨੈਤਿਕ ਪ੍ਰਤੀਮਾਨਾਂ ਅਨੁਸਾਰ ਆਦਰਸ਼ਕ ਚਰਿਤਰ ਦੇ ਮਾਪਦੰਡ ਤੈਅ ਕਰਦੀਆਂ ਹਨ।

ਇਸ ਖੇਤਰ ਦੇ ਲੋਕ ਬਿਰਤਾਂਤਾਂ ਵਿਚ ਰੂਪ ਅਤੇ ਵਿਸ਼ੇ ਦੇ ਪੱਖੋਂ ਬਹੁਤ ਵੰਨ-ਸੁਵੰਨਤਾ ਪਾਈ ਜਾਂਦੀ ਹੈ। ਜੋ ਇੱਕ ਸਧਾਰਨ ਮਨੁੱਖ ਦੀ ਜ਼ਿੰਦਗੀ ਦੇ ਬਹੁਪੱਖੀ ਅਤੇ ਬਹੁਪਰਤੀ ਯਥਾਰਥ ਦੀ ਬਾਤ ਪਾਉਂਦੀਆਂ ਹਨ। ਇਹਨਾਂ ਲੋਕ ਕਹਾਣੀਆਂ ਦੇ ਬਿਰਤਾਂਤ ਭਾਵੇਂ ਅਸਧਾਰਨ/ਅਲੌਕਿਕ ਪਾਤਰਾਂ ਅਤੇ ਘਟਨਾਵਾਂ ਨਾਲ ਸੰਬੰਧ ਰੱਖਦੇ ਹਨ ਪਰ ਆਪਣੇ ਅੰਤਿਮ ਰੂਪ ਵਿਚ ਯਥਾਰਥਕ ਦ੍ਰਿਸ਼ਟੀ ਤੋਂ ਪ੍ਰਭਾਵਿਤ ਹਨ। ਇਹਨਾਂ ਕਹਾਣੀਆਂ ਦਾ ਨਾਇਕ ਆਮ ਕਰਕੇ ਕਹਾਣੀ ਦੇ ਆਰੰਭ ਵਿਚ ਨਿਸ਼ਾਨੇ ਦੀ ਸੂਚਨਾ/ਘਾਟ ਤੋਂ ਪ੍ਰਭਾਵਿਤ ਹੋ ਕੇ ਘਰੋਂ ਨਿਕਲਦਾ ਹੈ। ਫਿਰ ਮੌਕਾ ਮੇਲ ਅਤੇ ਸੰਘਰਸ਼ ਦੀਆਂ ਰੂੜ੍ਹੀਆਂ ਰਾਹੀਂ ਆਪਣੇ ਰਾਹ ਦੀਆਂ ਛੋਟੀਆਂ-ਵੱਡੀਆਂ ਔਕੜਾਂ ਨੂੰ ਪਾਰ ਕਰਦਾ ਹੋਇਆ, ਮਿਥੇ ਨਿਸ਼ਾਨੇ (Object) ਦੀ ਪ੍ਰਾਪਤੀ ਕਰਕੇ ਲੋਕਮਨ ਵਿਚ ਆਪਣਾ ਨਾਇਕਤਵ ਸਥਾਪਤ ਕਰਦਾ ਹੈ।

ਸਮੁੱਚੇ ਰੂਪ ਵਿਚ ਲੋਕ ਬਿਰਤਾਂਤ ਦਾ ਨਾਇਕ ਕਬੀਲਾ ਯੁੱਗ ਦੀ ਚੇਤਨਾ ਨਾਲ ਦੇਵਤਾ, ਫਿਰ ਜਗੀਰਦਾਰੀ ਪ੍ਰਬੰਧ ਦੀ ਆਦਰਸ਼ਕ ਦ੍ਰਿਸ਼ਟੀ ਨਾਲ ਮਹਾਂਪੁਰਖ/ਅਸਧਾਰਨ ਮਨੁੱਖ/ਲੋਕ ਨਾਇਕ ਅਤੇ ਫਿਰ ਵਿਗਿਆਨਕ ਚੇਤਨਾ ਨਾਲ ਲੋਕ ਕਹਾਣੀਆਂ ਦੇ ਨਿੱਕੇ-ਵੱਡੇ ਵੰਨ-ਸੁਵੰਨੇ ਕਥਾ ਰੂਪਾਂ ਰਾਹੀਂ ਆਦਰਸ਼ਕ ਅਤੇ ਸਧਾਰਨ ਮਨੁੱਖ ਦਾ ਸਫ਼ਰ ਤੈਅ ਕਰਦਾ ਹੈ।

ਅੱਜ ਦੇ ਉੱਤਰ ਆਧੁਨਿਕ ਯੁੱਗ ਵਿਚ, ਤਰਕ ਦੀ ਦ੍ਰਿਸ਼ਟੀ ਤੋਂ ਭਾਵੇਂ ਇਹ ਲੋਕ ਬਿਰਤਾਂਤ ਤਰਕ ਵਿਹੂਣੇ ਜਾਪਣ ਪਰ ਇਹਨਾਂ ਰਾਹੀਂ ਸਾਡਾ ਲੋਕ ਧਰਮ, ਨੈਤਿਕ ਵਿਧਾਨ, ਸਮਾਜ ਵਿਗਿਆਨ, ਰਾਜਨੀਤੀ, ਵਿਸ਼ਵਾਸ ਅਤੇ ਮੰਨ-ਮਨਾਉਤਾਂ ਮਹਿਫੂਜ਼ ਹਨ। ਇਹਨਾਂ ਵਿਚਲੀ ਪਰਾਭੌਤਿਕਤਾ ਵੀ ਆਪਣੇ ਅੰਤਿਮ ਰੂਪ ਵਿਚ ਭੌਤਿਕ ਅਤੇ ਯਥਾਰਥਕ ਹੈ। ਇਹ ਮਨੁੱਖ ਦੇ ਅਪੂਰਤ ਯਥਾਰਥ ਦੀ ਤਰਜਮਾਨੀ ਕਰਦੀਆਂ ਹਨ, ਜਿਸ ਦੇ ਲਈ ਮਨੁੱਖ ਹਰ ਕਾਲ ਵਿਚ ਯਤਨਸ਼ੀਲ ਰਿਹਾ ਹੈ।

## *ਹਵਾਲੇ ਅਤੇ ਟਿੱਪਣੀਆਂ*


1. *ਬੇਦੀ, ਵਣਜਾਰਾ (ਡਾ.) (1977), ਮਧਕਾਲੀਨ ਪੰਜਾਬੀ ਕਥਾ: ਰੂਪ ਤੇ ਪਰੰਪਰਾ, ਪਰੰਪਰਾ ਪ੍ਰਕਾਸ਼ਨ, ਨਵੀਂ ਦਿੱਲੀ, ਪੰਨਾ: 71*
2. *Propp, Vladimir (1968), Morphology of the Folktale, (Translated by Laurance Scott),*

*University of Texas Press, London, Page:80*

3. *ਧਾਲੀਵਾਲ, ਬਲਦੇਵ ਸਿੰਘ (ਡਾ.) (2007), ਆਧੁਨਿਕ ਪੰਜਾਬੀ ਕਹਾਣੀ ਦ੍ਰਿਸ਼ਟੀ-ਮੂਲਕ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 10*
4. *ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ: 337*
5. *ਕੈਰੋਂ, ਜੋਗਿੰਦਰ ਸਿੰਘ (ਡਾ.) (1987), ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ ਅਤੇ ਵਰਗੀਕਰਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 15*

## *Cite this Article-*

ਡਾ. ਸੰਦੀਪ ਕੌਰ (Dr. Sandeep Kaur), ਪੰਜਾਬੀ ਲੋਕ ਬਿਰਤਾਂਤ ਵਿਚ ਨਾਇਕ: ਯੁਗ-ਚੇਤਨਾ ਦੇ ਸੰਦਰਭ ਵਿਚ (Punjabi Lok Birtant Vich Nayak: Yug Chetna De Sandrbh Vich*), ਅਰਮਾਨ (ARMAAN), ISSN: 2583-9446 (O), Volume 3, Issue 4, October-December 2025, Page: 56-60.*

*Journal URL: www.armaan.org.in*

*DOI: https://doi.org/10.64119/armaan.vol.3.issue4.11*

*This article is an open access article published under the terms and conditions of the Creative Commons Attribution (CC BY-NC 4.0) license.*
https://creativecommons.org/licenses/by-nc/4.0/